ੴ ਸਤਿਗੁਰ ਪ੍ਰਸਾਦਿ ॥

# ਸੁਖਮਨੀ

## ਸਾਹਿਬ

ਪ੍ਰਕਾਸ਼ਕ :

ਸੁਖਮਨੀ ਜਥਾ ਜ਼ੇਰ ਸਰਪ੍ਰਸਤੀ

**ਬਾਬਾ ਖੇਮ ਸਿੰਘ ਜੀ**

ਡੇਰਾ ਬਾਬਾ ਰੂਮੀ ਵਾਲਾ ਭੁੱਚੋ ਕਲਾਂ

(ਬਠਿੰਡਾ)

Sri Satguru Jagjit Singh Ji Elibrary NamdhariElibrary@gmail.com

ਜਨਤਾ ਪ੍ਰਿੰਟਿੰਗ ਪ੍ਰੈਸ
ਆਫਸੈਟ ਐਂਡ ਸਕਰੀਨ ਪ੍ਰਿੰਟਰਜ਼
519,, ਅਮਰੀਕ ਸਿੰਘ ਰੋਡ, ਬਠਿੰਡਾ
ਫੋਨ : 250995

Sri Satguru Jagjit Singh Ji Elibrary NamdhariElibrary@gmail.com

# ਸੁਖਮਨੀ ਸਹਿਬ ਦੀਆਂ ਵਿਸ਼ੇਸ਼ਤਾਈਆਂ

ੴ ਸਤਿਗੁਰ ਪ੍ਰਸਾਦਿ ॥

ਸਰੋਮਣੀ ਸ਼ਹੀਦ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਬੇਰੀ (ਇਹ ਬੇਰੀ ਰਾਮਸਰ ਵਿਖੇ ਮੌਜੂਦ ਹੈ) ਦੀ ਛਾਇਆ ਹੇਠ ਬਿਰਾਜਮਾਨ ਸਨ। ਇਸ ਸਮੇਂ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ ਸਤਿਗੁਰੂ ਜੀ ਪਾਸ ਆ ਕੇ ਬੇਨਤੀ ਕੀਤੀ "ਗਰੀਬ ਨਿਵਾਜ" ! ਆਪ ਜੀ ਦੀ ਅਤੇ ਪਿਛਲੇ ਸਤਿਗੁਰਾਂ ਦੀ ਬਾਣੀ ਵਿੱਚ 'ਸਵਾਸ', 'ਸਵਾਸ' ਸਿਮਰਨ ਕਰਨ ਦੀ ਪ੍ਰਾਣੀ ਨੂੰ ਪ੍ਰੇਰਨਾ ਕੀਤੀ ਹੈ। ਸੋ ਗਰੀਬ ਨਿਵਾਜ ! ਹਰ ਬੰਦਾ 'ਸਵਾਸ', ਸਵਾਸ' ਸਿਮਰਨ ਨਹੀਂ ਕਰ ਸਕਦਾ ਤਾਂ ਫਿਰ ਇਸ ਮਾਨਸ ਦੇਹੀ

Sri Satguru Jagjit Singh Ji Elibrary NamdhariElibrary@gmail.com

ਦਾ ਉਧਾਰ ਕਿਵੇਂ ਹੋਵੇ ? ਕ੍ਰਿਪਾ ਕਰੋ ਕੋਈ ਇਹੋ ਜਿਹੀ ਬਾਣੀ ਦਾ ਉਚਾਰਨ ਕਰੋ ਜਿਸ ਦੇ ਪਾਠ ਕਰਨ ਨਾਲ ਹਰ ਇਕ ਸਵਾਸ ਨੂੰ ਬੰਦਗੀ ਵਿੱਚ ਲਾ ਕੇ ਸਫਲ ਫਲ ਮਿਲ ਜਾਏ। ਬਾਣੀ ਆਸਾਨ ਹੋਵੇ, ਸਮਝਣ ਵਿਚ ਵੀ ਸਧਾਰਣ ਹੋਵੇ ਤੇ ਪੜ੍ਹਣ ਵਿੱਚ ਵੀ ਸੌਖੀ ਹੋਵੇ।

ਬੇਨਤੀ ਸੁਣਨ ਉਪਰੰਤ ਪੰਜਵੇਂ ਪਾਤਸ਼ਾਹ ਜੀ ਨੇ ਬਚਨ ਕੀਤਾ, "ਬਾਣੀ ਦਾ ਉਚਾਰਣ ਹੋਵੇਗਾ"

ਉਸ ਤੋਂ ਬਾਦ ਗੁਰੂ ਸਾਹਿਬ ਜੀ ਨੇ "ਰਾਮਸਰ ਸਾਹਿਬ" ਸਰੋਵਰ ਦੇ ਕਿਨਾਰੇ (ਜਿਥੇ ਵਰਤਮਾਨ ਵਿੱਚ ਮੰਜੀ ਸਾਹਿਬ ਦਾ ਥੜਾ ਬਣਿਆ ਹੈ) ਬੈਠ ਕੇ ਸੁਖਮਨੀ ਸਾਹਿਬ ਦਾ ਉਚਾਰਣ ਕੀਤਾ। ਸੁਖਮਨੀ ਸਾਹਿਬ ਦੇ ਚੌਵੀ ਹਜਾਰ ਅੱਖਰ ਹਨ। ਚੌਵੀ ਅਸਟਪਦੀਆਂ ਅਤੇ ਚੌਵੀ ਸਲੋਕ ਹਨ। ਹਰ ਇਕ ਅਸਟਪਦੀ ਵਿੱਚ ਅੱਠ ਪਦ ਹਨ। ਹਰੇਕ ਪਦ ਵਿੱਚ ਦਸ ਪੰਗਤੀਆਂ ਹਨ। ਦੂਜੇ ਪਦ ਰਹਾਉ ਦੀਆਂ ਦੋ ਪੰਗਤੀਆਂ ਵਾਧੂ ਹਨ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ ॥
ਭਗਤ ਜਨਾ ਕੇ ਮਨਿ ਬਿਸ੍ਰਾਮ ॥

ਵੇਦਾਂ ਗਰੰਥਾਂ ਮੁਤਾਬਕ ਜਦੋਂ ਜੀਵ ਮਾਂ ਦੇ ਗਰਭ ਵਿੱਚ ਹੁੰਦਾ ਹੈ ਤਾਂ ਉਦੋਂ ਬੇਨਤੀ ਕਰਦਾ ਹੈ ਕਿ ਮੈਂ ਤੇਰਾ ਸਿਮਰਨ ਕਰਕੇ ਸਵਾਸਾਂ ਰੂਪੀ ਦਸਵੰਧ ਦੇਵਾਂਗਾ। ਪਰ ਮੈਨੂੰ ਇਥੋਂ ਨਰਕ ਵਿੱਚੋਂ ਕੱਢ। ਪ੍ਰਮਾਤਮਾ ਨੇ ਬੇਨਤੀ ਸੁਣੀ, ਬਾਹਰ ਕੱਢਿਆ, ਪਰ ਜੀਵ ਮਾਇਆ ਦੇ ਜਾਲ ਵਿੱਚ ਫਸ ਗਿਆ। ਸਵਾਸਾਂ ਰੂਪੀ ਦਸਵੰਧ ਜੋ ਰੋਜਾਨਾ ਦਾ 2.30 ਘੰਟੇ ਬਣਦਾ ਹੈ ਤਾਂ ਕੀ ਦੇਣਾ ਸੀ। ਧਨ ਰੂਪੀ ਦਸਵੰਧ ਵੀ ਨਹੀਂ ਦੇ ਸਕਦਾ। ਪਰ ਉਹ ਦਸਵੰਧ ਦਾ ਪੈਸਾ ਜਾਂ ਤਾਂ ਬੀਮਾਰੀ ਤੇ ਲੱਗ ਜਾਂਦਾ ਹੈ ਜਾਂ ਫਿਰ ਬਾਬਰ ਕੇ ਲੈ ਜਾਂਦੇ ਹਨ।

ਜੋ ਬਾਬੇ ਕੇ ਦਾਮ ਨ ਦੇ ਹੈ।
ਤਾਂ ਤੇ ਗਹਿ ਬਾਬਰ ਕੇ ਲੈ ਹੈ।

ਸੋ ਅਸੀਂ ਸਾਰਿਆਂ ਨੇ ਦਿਨ ਰਾਤ ਦਾ ਦਸਵੰਧ 2.30 ਘੰਟੇ ਦੇਣਾ ਹੈ। ਜੋ ਇਸ ਤਰਾਂ ਬਣਦਾ ਹੈ।

ਸ

1. ਦੋ ਪਾਠ ਸੁਖਮਨੀ ਸਾਹਿਬ ਜਾਂ
2. 10 ਪਾਠ ਜਪੁਜੀ ਸਾਹਿਬ ਜਾਂ
3. 6 ਮਾਲਾ ਪਹਿਲੀ ਪਉੜੀ (ਨਾਨਕ ਹੋਸੀ ਭੀ ਸਚੁ ਤਕ) ਜਾਂ
4. 80 ਮਾਲਾ 'ਵਾਹਿਗੁਰੂ' ਮੰਤਰ ਦੀਆਂ ਜਾਂ
5. 160 ਮਾਲਾ ਰਾਮ ਰਾਮ ਦੀਆਂ

ਕਲਜੁਗ ਵਿੱਚ ਮਹਾਂ ਪੁਰਸ਼ ਸੁਖਮਨੀ ਸਾਹਿਬ ਨੂੰ ਬਹੁਤ ਮਹੱਤਤਾ ਦਿੰਦੇ ਹਨ ।

ਇਕ ਵਾਰੀ ਇਕ ਗੁਰਸਿਖ ਬਾਬਾ ਮਹਾਂ ਹਰਨਾਮ ਸਿੰਘ ਜੀ ਦੇ ਦਰਸ਼ਨਾਂ ਨੂੰ ਭੁੱਚੋ ਆਇਆ-ਇਹ ਗੁਰਸਿਖ ਅਨੰਦਪੁਰ ਸਾਹਿਬ ਦੇ ਇਲਾਕੇ ਚੋਂ ਚਲਿਆ ਅਤੇ ਰਸਤੇ ਵਿਚ ਸੰਤਾਂ ਮਹਾਤਮਾਂ ਦੇ ਦਰਸ਼ਨ ਕਰਦਾ ਆਇਆ ਅਤੇ ਲਹਿਰੇ ਖਾਨੇ ਬਾਬਾ ਵਧਾਵਾ ਸਿੰਘ ਜੀ ਪਾਸ ਪਹੁੰਚ ਗਿਆ - ਉਸ ਗੁਰਸਿਖ ਨੇ ਬਾਬਾ ਵਧਾਵਾ ਸਿੰਘ ਜੀ ਤੋਂ ਪੁਛਿਆ ਕਿ ਮਹਾਰਾਜ ਜੀ ਇਸ ਇਲਾਕੇ ਵਿਚ ਹੋਰ ਮਹਾਤਮਾਂ ਬਾਰੇ ਮੈਨੂੰ ਦਸੋ । ਤਾਂ ਬਾਬਾ ਵਧਾਵਾ ਸਿੰਘ ਜੀ ਨੇ ਬਾਬਾ ਮਹਾਂ ਹਰਨਾਮ ਸਿੰਘ ਜੀ ਬਾਰੇ ਦੱਸਿਆ-ਅਗਲੇ ਦਿਨ ਉਹ ਗੁਰਸਿਖ ਬਾਬਾ ਮਹਾ ਹਰਨਾਮ ਸਿੰਘ ਜੀ ਪਾਸ ਭੁੱਚੋ ਪਹੁੰਚ ਗਿਆ । ਬਾਬਾ ਜੀ ਨੇ ਉਸ ਨੂੰ ਨਿਤ

ਨੇਮ ਬਾਰੇ ਪੁਛਿਆ, ਉਸਨੇ ਦੱਸਿਆ ਕਿ ਸੁਖਮਨੀ ਸਾਹਿਬ ਦਾ ਪਾਠ ਕਰਦਾ ਹਾਂ। ਬਾਬਾ ਜੀ ਨੇ ਹੁਕਮ ਕੀਤਾ ਕਿ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਸੁਣਾਓ। ਉਸ ਨੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਸੁਣਾ ਦਿਤਾ। ਬਾਬਾ ਜੀ ਨੇ ਹੁਕਮ ਕੀਤਾ ਕਿ ਸੰਪਟ ਲਾ ਕੇ ਪਾਠ ਕਰਿਆ ਕਰੋ - ਉਸ ਗੁਰਸਿਖ ਨੇ ਬੇਨਤੀ ਕੀਤੀ ਕਿ ਮੈਨੂੰ ਸੰਪਟ ਲੌਣਾ ਨਹੀ ਔਂਦਾ - ਤਾਂ ਬਾਬਾ ਜੀ ਨੇ ਉਸ ਗੁਰਸਿਖ ਨੂੰ ਹੁਕਮ ਕੀਤਾ ਕਿ ਫੇਰ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰੋ ਅਸੀਂ ਤੈਨੂੰ ਸੰਪਟ ਲੌਣਾ ਦਸਦੇ ਹਾਂ - ਉਹ ਪਾਠ ਕਰੀ ਗ਼ਿਆ ਤੇ ਬਾਬਾ ਜੀ ਉਸ ਨੂੰ ਨਾਲ ਦੀ ਨਾਲ ਸੰਪਟ ਲਵਾਈ ਗਏ। ਫਿਰ ਬਾਬਾ ਜੀ ਨੇ ਉਸ ਗੁਰਸਿਖ ਨੂੰ ਪੁਛਿਆ ਕਿ ਹੁਣ ਤਾਂ ਤੈਨੂੰ ਸੰਪਟ ਲੌਣਾ ਆ ਗਿਆ ਹੈ ਤਾਂ ਉਸ ਨੇ ਕਹਿਆ ਹਾਂ ਜੀ। ਬਾਬਾ ਜੀ ਨੇ ਫੇਰ ਹੁਕਮ ਕੀਤਾ ਕਿ ਹੁਣ ਫੇਰ ਸੰਪਟ ਲਾਕੇ ਸਾਨੂੰ ਪਾਠ ਸੁਣਾਓ - ਤਾਂ ਉਸ ਗੁਰਸਿਖ ਨੇ ਸੰਪਟ ਲਾਕੇ ਪਾਠ ਸੁਣਾ ਦਿਤਾ ਤਾਂ ਬਾਬਾ ਜੀ ਨੇ ਹੁਕਮ ਕੀਤਾ ਸ਼ੁਧ ਹੈ - ਇਸ ਤਰਾਂ ਦੋ ਪਾਠਾਂ ਦਾ ਫਲ ਪ੍ਰਾਪਤ ਹੁੰਦਾ ਹੈ। ਫਿਰ ਉਸਨੂੰ ਪੁਛਿਆ ਕਿ ਹੁਣ ਕਿਥੇ ਜਾਵੇਂਗਾ। ਉਸਨੇ ਦੱਸਿਆ ਕਿ ਹੁਣ ਮੈਂ ਕਲੇਰੀਂ ਬਾਬਾ

Sri Satguru Jagjit Singh Ji Elibrary NamdhariElibrary@gmail.com

ਅਨੰਦ ਸਿੰਘ ਜੀ ਦੇ ਦਰਸ਼ਨਾਂ ਨੂੰ ਜਾਵਾਂਗਾ । ਫਿਰ ਕਹਿੰਦੇ ਠੀਕ ਹੈ । ਮਹਾਂ ਪੁਰਸ਼ਾਂ ਤੋਂ ਵੀ ਮੋਹਰ ਲਵਾ ਲੈਣਾ । ਜਦੋਂ ਇਹ ਹੁਕਮ ਬਾਬਾ ਅੰਨਦ ਸਿੰਘ ਜੀ ਨੂੰ ਸੁਣਾਇਆ ਤਾਂ ਉਹ ਬੜੇ ਖੁਸ਼ ਹੋਏ ਤੇ ਉਥੇ ਵੀ ਸੰਪਟ ਵਾਲੀ ਮਰਯਾਦਾ ਚਲਾ ਦਿੱਤੀ । ਜੋ ਹੁਣ ਤੱਕ ਚੱਲ ਰਹੀ ਹੈ ਅਤੇ ਅਸ਼ਟਪਦੀ ਦੀ ਸਮਾਪਤੀ ਤੇ ਅੰਗ ਬਲੌਣੇ ਦਾ ਹੁਕਮ ਬਾਬਾ ਅਨੰਦ ਸਿੰਘ ਜੀ ਨੇ ਦੇ ਕੇ ਹੁਕਮਨਾਮੇ ਦੀ ਮੋਹਰ ਲਾ ਦਿੱਤੀ ।

ਸੋ ਜੋ ਵੀ ਪਰੇਮ ਤੇ ਸ਼ਰਧਾ ਨਾਲ ਹਰ ਰੋਜ ਸੁਖਮਨੀ ਸਾਹਿਬ ਦਾ ਪਾਠ ਕਰਦੇ ਹਨ ਜਾਂ ਸੁਣਦੇ ਹਨ :-

1. ਉਹਨਾਂ ਦਾ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ ਤੇ ਉਹ ਮੁਕਤੀ ਪਦ ਪ੍ਰਾਪਤ ਕਰ ਲੈਂਦੇ ਹਨ ।
2. ਉਹਨਾਂ ਤੇ ਜੰਤਰਾਂ, ਮੰਤਰਾਂ, ਟੂਣੇ ਆਦਿ ਦਾ ਕੋਈ ਅਸਰ ਨਹੀਂ ਹੁੰਦਾ, ਸਗੋਂ ਇਹ ਕਰਨ ਵਾਲੇ ਤੇ ਉਲਟੇ ਪੈ ਜਾਂਦੇ ਹਨ ।

3. ਜਮਾਂ ਦਾ ਡਰ ਨਹੀਂ ਰਹਿੰਦਾ, ਜੋ ਜੀਵ ਨੂੰ ਮਰਨ ਤੋਂ ਬਾਦ ਬਹੁਤ ਔਖਾ ਕਰਕੇ ਲੈ ਜਾਂਦੇ ਹਨ ।
4. ਉਹਨਾਂ ਤੇ ਦੁਸ਼ਮਨਾਂ ਦਾ ਵਾਰ ਨਹੀਂ ਚਲਦਾ ਭਾਵ ਦੁਸ਼ਮਣ ਉਹਨਾਂ ਦਾ ਕੁਝ ਵੀ ਵਿਗਾੜ ਨਹੀਂ ਸਕਦੇ ।
5. ਸਰੀਰਕ ਰੋਗਾਂ ਤੋਂ ਮੁਕਤ ਹੋ ਜਾਂਦੇ ਹਨ, ਸਗੋਂ ਅਸਾਧ ਰੋਗ ਵੀ ਠੀਕ ਹੋ ਜਾਂਦੇ ਹਨ ।

ਸਰਬ ਰੋਗ ਕਾ ਅਉਖਦ ਨਾਮੁ ॥
ਕਲਿਆਣ ਰੂਪ ਮੰਗਲ ਗੁਣ ਗਾਮ ॥

ਜਿਵੇਂ :-ਵਜੀਰ ਖਾਂ ਜੋ ਬਾਦਸ਼ਾਹ ਜਹਾਂਗੀਰ ਦਾ ਇਤਬਾਰੀ ਅਹਿਲਕਾਰ ਸੀ । ਉਹ ਲਾਹੌਰ ਰਹਿੰਦਾ ਸੀ । ਉਸਨੂੰ ਜਲੋਧਰ (ਪੇਟ ਵਿੱਚ ਪਾਣੀ) ਦੀ ਬੀਮਾਰੀ ਸੀ । ਵਿਚਾਰਾ ਬਹੁਤ ਤੰਗ ਰਹਿੰਦਾ ਸੀ । ਇੱਕ ਦਿਨ ਅਚਾਨਕ ਇੱਕ ਸਿੱਖ ਜੋ ਇਸ਼ਨਾਨ ਕਰਕੇ ਸੁਖਮਨੀ ਸਾਹਿਬ ਦਾ ਪਾਠ ਕਰਦਾ, ਉਸਦੇ ਘਰ ਕੋਲ ਦੀ ਲੰਘ ਰਿਹਾ ਸੀ । ਜਿਉਂ ਹੀ ਵਜੀਰ ਖਾਂ ਨੇ ਪਾਠ ਸੁਣਿਆ ਤਾਂ ਤਿਉਂ ਹੀ ਉਸਦੀ

Sri Satguru Jagjit Singh Ji Elibrary NamdhariElibrary@gmail.com

ਪੀੜਾ ਨੂੰ ਰਾਹਤ ਮਿਲੀ। ਉਸਨੇ ਸਿੱਖ ਨੂੰ ਘਰੋਂ ਬੁਲਾਕੇ ਸੁਖਮਨੀ ਸਾਹਿਬ ਦਾ ਸਾਰਾ ਪਾਠ ਸੁਣਿਆ ਤੇ ਉਸਨੇ ਬਹੁਤ ਹੀ ਅਰਾਮ ਮਹਿਸੂਸ ਕੀਤਾ। ਬਾਣੀ ਦਾ ਅਸਰ ਵੇਖਕੇ ਵਜੀਰ ਖਾਂ ਉਸ ਸਿੱਖ ਦੇ ਪੈਰੀਂ ਪੈ ਗਿਆ। ਪਰ ਸਿੱਖ ਨੇ ਕਿਹਾ ਕਿ ਮੇਰੇ ਪੈਰੀਂ ਨਾ ਪੈ, ਸਗੋਂ ਜਿਨਾਂ ਦੀ ਇਹ ਬਾਣੀ ਹੈ। ਉਹ ਅੱਜਕੱਲ ਗੁਰੂ ਨਾਨਕ ਦੀ ਗੱਦੀ ਤੇ ਅੰਮ੍ਰਿਤਸਰ ਬਿਰਾਜਮਾਨ ਹਨ, ਉਹਨਾਂ ਦੇ ਚਰਨੀਂ ਪੈ। ਵਜੀਰ ਖਾਂ, ਉਸ ਸਿੱਖ, ਭਾਈ ਭਾਗੂ ਨੂੰ ਨਾਲ ਲੈ ਕੇ ਅੰਮ੍ਰਿਤਸਰ ਪਹੁੰਚੇ। ਗੁਰੂ ਅਰਜਨ ਦੇਵ ਜੀ ਪਾਤਸ਼ਾਹ ਦੁੱਖ ਭੰਜਨੀ ਬੇਰੀ ਲਾਗੇ ਬੈਠ ਕੇ ਸਰੋਵਰ ਦੀ ਸੇਵਾ ਕਰਵਾ ਰਹੇ ਸਨ। ਵਜੀਰ ਖਾਂ ਚਰਨਾਂ ਤੇ ਢਹਿ ਪਿਆ, ਹਾੜਾ ਕੀਤਾ, ਮੇਰੇ ਤੇ ਕਿਰਪਾ ਕਰੋ। ਮੇਰਾ ਅਸਾਧ ਰੋਗ ਦੂਰ ਕਰੋ।

ਵਜੀਰ ਖਾਂ ਦੁਖ ਭੰਜਨੀ ਬੇਰੀ ਦੇ ਨੇੜੇ ਬਿਸਤਰਾ ਕਰਕੇ ਪੈ ਗਿਆ। ਵਜੀਰ ਖਾਂ ਦੀ ਬੇਨਤੀ ਸੁਣਕੇ ਗੁਰੂ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਕਿਹਾ (ਜੋ ਇਸ

Sri Satguru Jagjit Singh Ji Elibrary NamdhariElibrary@gmail.com

ਸਮੇਂ ਗਾਰੇ ਦੀਆਂ ਟੋਕਰੀਆਂ ਢੋ ਰਹੇ ਸਨ) ਬਾਬਾ ਜੀ ! ਵਜੀਰ ਖਾਂ ਤੇ ਕਿਰਪਾ ਕਰੋ । ਬਾਬਾ ਜੀ ਚੁੱਪ ਰਹੇ, ਦੂਸਰੀ ਵਾਰ ਫਿਰ ਕਿਹਾ, ਫਿਰ ਵੀ ਚੁੱਪ ਰਹੇ । ਪਰ ਤੀਸਰੀ ਵਾਰ ਕਹਿਣ ਤੇ ਬਾਬਾ ਜੀ ਨੇ ਸਿਰ ਤੇ ਚੁੱਕੀ ਗਾਰੇ ਦੀ ਟੋਕਰੀ ਵਜੀਰ ਖਾਂ ਦੇ ਢਿੱਡ ਤੇ ਮਾਰੀ । ਵਜੀਰ ਖਾਂ ਦੀਆਂ ਦੋਨੋਂ ਕਲਾਂ ਛੁੱਟ ਗਈਆਂ । ਵਜੀਰ ਖਾਂ ਦਾ ਢਿੱਡ ਆਪਣੇ ਅਸਲੀ ਟਿਕਾਣੇ ਆ ਗਿਆ, ਉਸਨੂੰ ਸ਼ਾਂਤੀ ਆ ਗਈ । ਗੁਰੂ ਜੀ ਨੇ ਆਪਣੇ ਹੱਥੀਂ ਕੜਾਹ ਪ੍ਰਸ਼ਾਦ ਦਿੱਤਾ ਜਿਸ ਨੂੰ ਛਕ ਕੇ ਵਜੀਰ ਖਾਂ ਨਵਾਂ ਨਰੋਆ ਹੋ ਗਿਆ । ਇਸ ਕੌਤਕ ਨੂੰ ਵੇਖ ਕੇ ਵਜੀਰ ਖਾਂ ਹਰ ਰੋਜ ਭਾਈ ਭਾਗੂ ਕੋਲੋਂ ਸੁਖਮਨੀ ਸਾਹਿਬ ਦਾ ਪਾਠ ਸੁਣ ਕੇ ਫੇਰ ਹੋਰ ਕੋਈ ਕੰਮ ਕਰਦਾ ਸੀ । ਸੋ ਐਸੀ ਹੈ ਸੁਖਮਨੀ ਸਾਹਿਬ ਦੀ ਮਹਿਮਾ ।

ਜੇ ਕਿਸੇ ਘਰ ਵਿੱਚ ਭੂਤਾਂ, ਪਰੇਤਾਂ ਤਥਾ ਦੁਸ਼ਟ ਸ਼ਕਤੀਆਂ ਦਾ ਵਾਸਾ ਹੋਵੇ ਤਾਂ ਹਰ ਰੋਜ ਤਾਰਿਆਂ ਦੀ

Sri Satguru Jagjit Singh Ji Elibrary NamdhariElibrary@gmail.com

ਛਾਵੇਂ-2 ਸੁਖਮਨੀ ਸਾਹਿਬ ਦਾ ਪਾਠ ਘੱਟ-ਘੱਟ 40 ਦਿਨ ਕਰੋ। ਸਭ ਦੁਸ਼ਟ ਸ਼ਕਤੀਆਂ ਭੱਜ ਜਾਣਗੀਆਂ।

ਸੁਖਮਨੀ ਸਾਹਿਬ ਦਾ ਨਿਤਨੇਮ ਪਾਠ ਕਰਨ ਨਾਲ ਹਮੇਸ਼ਾਂ ਹੀ ਸੁਖ ਪਰਾਪਤ ਹੁੰਦਾ ਹੈ। ਅਠਾਰਾਂ ਰਿਧੀਆਂ ਸਿਧੀਆਂ ਉਸ ਕੋਲ ਆ ਜਾਂਦੀਆਂ ਹਨ। ਜੋ ਵੀ ਕਹੇ ਹੋ ਜਾਂਦਾ ਹੈ। ਉਸਨੂੰ ਚਾਰ ਪਦਾਰਥ (ਧਰਮ, ਅਰਥ, ਕਾਮ, ਮੋਖ) ਪਰਾਪਤ ਹੋ ਜਾਂਦੇ ਹਨ। ਐਸਾ ਪੁਰਖ ਪਦਾਰਥ ਭੋਗਦਾ ਹੋਇਆ ਵੀ ਨਿਰਲੇਪ ਰਹਿੰਦਾ ਹੈ, ਉਸ ਵਿੱਚ ਪਰਮਾਤਮਾ ਦਾ ਵਾਸਾ ਹੋ ਜਾਂਦਾ ਹੈ, ਨਿਮਰਤਾ ਆ ਜਾਂਦੀ ਹੈ। ਉਹ ਮਿੱਠੇ ਬਚਨ ਬੋਲਦਾ ਹੈ। ਉਸਦੇ ਸਭ ਕਾਰਜ ਆਪਣੇ ਆਪ ਸ਼ੁਧ ਹੁੰਦੇ ਰਹਿੰਦੇ ਹਨ, ਭਾਣਾ ਮੰਨਣ ਦੀ ਹਾਲਤ ਵਿੱਚ ਵੀ ਉਸਨੂੰ ਦੁੱਖ ਵਿੱਚ ਸੁਖ ਪਰਾਪਤ ਹੁੰਦਾ ਹੈ। ਉਹ ਹਮੇਸ਼ਾਂ ਪ੍ਰਸੰਨ ਰਹਿੰਦਾ ਹੈ। ਉਸਦਾ ਸਹਿਜ ਸੁਭਾ ਕੀਤਾ ਬਚਨ ਸੱਤ ਹੋ ਜਾਂਦਾ ਹੈ ਤੇ ਉਹ ਪੂਰਨ ਸੰਤ ਬਣ ਜਾਂਦਾ ਹੈ। ਅਜਿਹੇ ਪੁਰਸ਼ ਦੀ ਨਿੰਦਿਆ ਕਰਨ ਵਾਲੇ ਨੂੰ ਦਰਗਾਹ ਵਿੱਚ ਥਾਂ ਨਹੀਂ ਮਿਲਦੀ।

Sri Satguru Jagjit Singh Ji Elibrary NamdhariElibrary@gmail.com

ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥
ਨਾਨਕ ਸੰਤ ਭਾਵੈ ਤਾ ਲਏ ਉਬਾਰਿ ॥

ਹਰ ਰੋਜ ਪਰੇਮ ਤੇ ਸ਼ਰਧਾ ਨਾਲ ਪਾਠ ਕਰਨ ਵਾਲੇ ਦੀ ਪਾਠ ਦੀ ਸਮਾਪਤੀ ਤੋਂ ਬਾਦ ਜਿਸ ਰੋਗੀ ਤੇ ਪਹਿਲੀ ਦ੍ਰਿਸ਼ਟੀ ਪੈਂਦੀ ਹੈ। ਉਸਦੇ ਸਭ ਦੁਖ ਰੋਗ ਕੱਟੇ ਜਾਂਦੇ ਹਨ। ਗੁਰੂ ਅੰਗਦ ਦੇਵ ਜੀ ਜਦੋਂ ਸੂਰਜ ਦੇ ਚੜ੍ਹਾ ਨਾਲ ਸਿਮਰਨ ਸਮਾਧੀ ਤੋਂ ਉਠਦੇ ਤੇ ਬਾਹਰ ਸੰਗਤ ਵਿਚੋਂ ਜਿਸ ਰੋਗੀ ਤੇ ਪਹਿਲੀ ਨਜਰ ਪੈ ਜਾਂਦੀ ਸੀ ਤਾਂ ਉਸਦੇ ਸਭ ਰੋਗ ਦੂਰ ਹੋ ਜਾਂਦੇ ਸਨ। ਆਪ ਜੀ ਦੀ ਇਹ ਅੰਮ੍ਰਿਤ ਦ੍ਰਿਸ਼ਟੀ ਪ੍ਰਾਪਤ ਕਰਨ ਵਾਸਤੇ ਆਪਜੀ ਦੇ ਦਰ ਅੱਗੇ ਸੈਂਕੜੇ ਦੁਖੀਏ ਪਹਿਲਾਂ ਹੀ ਆ ਕੇ ਬੈਠ ਜਾਂਦੇ ਸਨ। ਇਸ ਤਰਾਂ ਜਦੋਂ ਤੱਕ ਆਪ ਗੱਦੀ ਤੇ ਬਿਰਾਜਮਨ ਰਹੇ, ਆਪ ਜੀ ਦੀ ਅੰਮ੍ਰਿਤ ਦ੍ਰਿਸ਼ਟੀ ਨਾਲ ਹਜਾਰਾਂ ਪ੍ਰਾਣੀਆਂ ਦੇ ਦੁੱਖ ਦੂਰ ਹੁੰਦੇ ਰਹੇ।

ਸੁਖਮਨੀ ਸਾਹਿਬ ਦਾ ਪਾਠ ਪਰੇਮ ਤੇ ਸ਼ਰਧਾ ਨਾਲ ਕਰਨ ਵਾਲੇ ਦਾ ਉਧਾਰ ਹੋ ਜਾਂਦਾ ਹੈ। ਗੁਰੂ ਗੋਬਿੰਦ

Sri Satguru Jagjit Singh Ji Elibrary NamdhariElibrary@gmail.com

ਸਿੰਘ ਜੀ ਦਾ ਬਾਬਾ ਗੋਪਾਲ ਨਾਮੀ ਇੱਕ ਸੇਵਕ ਸੀ ਪਰ ਉਹ ਵੈਰਾਗੀ ਸੀ। ਉਸਨੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਮਹਾਰਾਜ ! ਮੈਨੂੰ ਵੀ ਅੰਮ੍ਰਿਤ ਛਕਾਕੇ ਸਿੰਘ ਸਜਾ ਲਵੋ ਜੀ, ਪਰ ਗੁਰੂ ਸਾਹਿਬ ਜੀ ਨੇ ਕਿਹਾ ਕਿ ਇਸ ਭੇਖ ਵਿੱਚ ਹੀ ਸਿੱਖੀ ਦਾ ਪ੍ਰਚਾਰ ਕਰੋ। ਬਾਬਾ ਗੋਪਾਲ ਜੀ ਨੇ ਜਿਲਾ ਝੰਗ, ਕੋਟ ਈਸ਼ਾ ਖਾਂ ਵਿੱਚ ਆਪਣਾ ਡੇਰਾ ਬਣਾਇਆ ਤੇ ਨਾਮ ਸਿਮਰਨ ਦਾ ਉਪਦੇਸ਼ ਦਿੰਦੇ ਰਹੇ।

ਉਥੇ ਇੱਕ ਮਹਾਜਨ ਸੀ। ਉਸਦਾ ਨੌਕਰ ਹਰ ਵੇਲੇ ਸੁਖਮਨੀ ਸਾਹਿਬ ਦਾ ਪਾਠ ਕਰਦਾ ਰਹਿੰਦਾ ਸੀ। ਇੱਕ ਦਿਨ ਮਹਾਜਨ ਨੇ ਆਪਣੇ ਨੌਕਰ ਨੂੰ ਦਰਿਆ ਤੋਂ ਪਾਰ ਬੁੱਲੋ ਪਿੰਡ ਵਿੱਚ ਤੂੜੀ ਲੈਣ ਭੇਜਿਆ ਉਹ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ ਕਿ ਅਚਾਨਕ ਸੱਪ ਨੇ ਡੰਗ ਮਾਰਿਆ ਤੇ ਉਹ ਮਰ ਗਿਆ। ਉਹ ਬਿਬਾਣ ਤੇ ਚੜ੍ਹ ਕੇ ਸਚਖੰਡਿ ਨੂੰ ਜਾ ਰਿਹਾ ਸੀ। ਜਦੋਂ ਬਿਬਾਣ ਬਾਬਾ ਗੋਪਾਲ ਜੀ ਦੇ ਉਪਰੋਂ ਲੰਘ ਰਿਹਾ ਸੀ ਤਾਂ ਉਹਨਾਂ

Sri Satguru Jagjit Singh Ji Elibrary NamdhariElibrary@gmail.com

ਨੇ ਅੰਤਰਯਾਮਤਾ ਨਾਲ ਦੇਖਿਆ ਕਿ ਫਲਾਣਾ ਆਦਮੀ ਜਾ ਰਿਹਾ ਹੈ। ਬਾਬਾ ਜੀ ਨਮਸਕਾਰ ਕਰਕੇ ਕਹਿਣ ਲੱਗੇ ਕਿ ਵਾਹ : ਵਾਹ ਭਲੇ ! ਭਲੇ !! ਪਾਸ ਬੈਠੇ ਸੇਵਕਾਂ ਨੇ ਪੁਛਿਆ, ਆਪ ਨੇ ਵਾਹ, ਵਾਹ, ਭਲੇ, ਭਲੇ ਕਿਉਂ ਕਿਹਾ। ਬਾਬਾ ਗੋਪਾਲ ਜੀ ਨੇ ਕਿਹਾ ਜੋ ਮਹਾਜਨ ਦਾ ਨੌਕਰ ਹਰ ਵੇਲੇ ਸੁਖਮਨੀ ਸਾਹਿਬ ਦਾ ਪਾਠ ਕਰਦਾ ਰਹਿੰਦਾ ਸੀ। ਉਸ ਨੂੰ ਸੱਪ ਨੇ ਡੰਗ ਮਾਰਿਆ ਤੇ ਉਹ ਮਰ ਗਿਆ, ਪਰ ਉਹ ਸੁਖਮਨੀ ਸਾਹਿਬ ਦੇ ਪਰਤਾਪ ਨਾਲ ਸਚਖੰਡਿ ਨੂੰ ਜਾ ਰਿਹਾ ਹੈ। ਹਾਲਾਂ ਕਿ ਸੱਪ ਦੇ ਡੰਗੇ ਦੀ ਮੁਕਤੀ ਨਹੀਂ ਹੁੰਦੀ। ਸੋ ਐਸੀ ਹੈ ਸੁਖਮਨੀ ਸਾਹਿਬ ਦੀ ਮਹਿਮਾ।

ਸੁਖਮਨੀ ਸਾਹਿਬ ਦਾ ਪ੍ਰੇਮ ਤੇ ਸ਼ਰਧਾ ਨਾਲ ਹਰ ਰੋਜ਼ ਪੇਾਠ ਕਰਨ ਨਾਲ ਮਨ ਤੋਂ ਤ੍ਰਿਸ਼ਨਾ ਤੇ ਵਿਕਾਰ ਨਸ਼ਟ ਹੋ ਜਾਂਦੇ ਹਨ। ਉਹ ਮੋਹ ਮਾਇਆ ਵਿੱਚ ਨਹੀਂ ਲਿਪਟਦੇ ਅਤੇ ਸਦਾ ਹੀ ਪ੍ਰਭੂ ਨੂੰ ਆਪਣੇ ਅੰਗ ਸੰਗ ਵੇਖਦੇ ਹਨ ਅਤੇ ਸਭ ਦਾ ਭਲਾ ਲੋਚਦੇ ਹਨ। ਉਹਨਾਂ

ਦੇ ਹਿਰਦੇ ਵਿੱਚ ਦੂਜਿਆਂ ਲਈ ਦਰਦ ਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਹਿਬ ਵਿੱਚ ਕਿਹਾ ਹੈ ਕਿ ਜੇਕਰ ਕਿਸੇ ਦਾ ਦਰਦ ਵੇਖਕੇ ਆਤਮਾ ਦ੍ਰਵਦੀ ਨਹੀਂ ਤੇ ਹੱਥ ਸੇਵਾ ਲਈ ਨਹੀਂ ਉਠਦੇ, ਉਸ ਮਨੁਸ਼ ਦਾ ਜਨਮ ਹੀ ਬੇ ਅਰਥ ਹੈ।

ਅਨਿਕ ਜਤਨ ਕਰਿ ਆਤਮ ਨਹੀਂ ਦ੍ਰਵੈ ॥
ਹਰਿ ਦਰਗਹ ਕਹੁ ਕੈਸੇ ਗਵੈ ॥

ਗੁਰੂ ਸਾਹਿਬ ਜੀ ਕੋੜ੍ਹੀ ਪਿੰਗਲਿਆਂ ਦੀ ਮਲ੍ਹਮ ਪੱਟੀ ਆਪ ਕਰਿਆ ਕਰਦੇ ਸਨ। ਅਜੇ ਵੀ ਅੰਮ੍ਰਿਤਸਰ ਕੋੜ੍ਹੀ ਪਿੰਗਲਿਆਂ ਦਾ ਆਸ਼ਰਮ ਚੱਲ ਰਿਹਾ ਹੈ। ਸੁਖਮਨੀ ਸਾਹਿਬ ਦਾ ਪਾਠ ਕਰਨ ਨਾਲ ਸੇਵਾ ਭਾਵਨਾ ਜਾਗ ਪੈਂਦੀ ਹੈ। ਉਹ ਪਰਉਪਕਾਰੀ ਸੰਤ ਬਣ ਜਾਂਦੇ ਹਨ।

ਸੁਖਮਨੀ ਸਾਹਿਬ ਦਾ ਪਾਠ ਨਿਤਨੇਮ ਕਰਨ ਨਾਲ ਉਹ ਬ੍ਰਹਮ ਗਿਆਨੀ ਦੀ ਹਾਲਤ ਵਿੱਚ ਆ ਜਾਂਦੇ ਹਨ। ਉਹਨਾਂ ਨੂੰ ਦੁੱਖ, ਸੁੱਖ, ਵੈਰੀ, ਮਿੱਤਰ, ਬੁਰਾ,

Sri Satguru Jagjit Singh Ji Elibrary NamdhariElibrary@gmail.com

ਭਲਾ ਸਭ ਬਰਾਬਰ ਲਗਦੇ ਹਨ। ਹਉਮੈਂ ਅਤੇ ਈਰਖਾ ਉਹਨਾਂ ਤੋਂ ਦੂਰ ਭੱਜ ਜਾਂਦੀਆਂ ਹਨ ਤੇ ਮਨ ਸ਼ਾਂਤ ਹੋ ਜਾਂਦਾ ਹੈ।

ਬ੍ਰਹਮ ਗਿਆਨੀ ਕੈ ਮਿੱਤਰ ਸਤ੍ਰ ਸਮਾਨਿ ॥
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥

ਉਸ ਨੂੰ ਕਾਮ, ਕਰੋਧ, ਲੋਭ, ਮੋਹ,ਹੰਕਾਰ ਤੰਗ ਨਹੀਂ ਕਰ ਸਕਦੇ। ਜੇਕਰ ਸੰਗਤ ਵਿੱਚ ਜੁੜ ਕੇ ਪਾਠ ਕੀਤਾ ਜਾਵੇ ਤਾਂ ਇਹਨਾਂ ਤੇ ਸਹਿਜੇ ਹੀ ਕਾਬੂ ਪਾਇਆ ਜਾ ਸਕਦਾ ਹੈ। ਮਾਇਆ ਇਕੱਠੀ ਕਰਨੀ ਦੁੱਖਾਂ ਦਾ ਕਾਰਨ ਬਣਦੀ ਹੈ, ਤ੍ਰਿਸ਼ਨਾ ਵਧਦੀ ਜਾਂਦੀ ਹੈ। ਆਖਿਰ ਦਗੇ ਫਰੇਬ ਵਾਲੀ ਕਮਾਈ ਸ਼ੁਰੂ ਹੋ ਜਾਂਦੀ ਹੈ। ਜੋ ਸਿਮਰਨ ਕਰਨ ਨਾਲ ਹੀ ਮੁਕਤ ਹੋ ਸਕਦੀ ਹੈ।

ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥
ਹਰਿ ਕਾ ਨਾਮੁ ਜਪਤ ਆਘਾਵੈ।

ਸੁਖਮਨੀ ਸਾਹਿਬ ਦਾ ਨਿਤਨੇਮ ਪਾਠ ਕਰਨ ਨਾਲ ਮਨ ਵਿੱਚ ਸ਼ਾਂਤੀ ਤੇ ਸੰਤੋਖ ਆ ਜਾਂਦਾ ਹੈ। ਉਹ ਮਾਇਆ

Sri Satguru Jagjit Singh Ji Elibrary NamdhariElibrary@gmail.com

ਵਿੱਚ ਰਹਿੰਦਾ ਹੋਇਆ ਵੀ ਨਿਰਲੇਪ ਰਹਿੰਦਾ ਹੈ। ਉਸ ਦੀ ਵਿਵਹਾਰਕ ਕਾਰ ਦਗੇ ਫਰੇਬ ਵਾਲੀ ਨਹੀਂ ਰਹਿੰਦੀ। ਜੋ ਵੀ ਵਾਹਿਗੁਰੂ ਦਿੰਦਾ ਹੈ, ਉਸਤੇ ਸਬਰ ਸੰਤੋਖ ਕਰਦਾ ਹੈ ਤੇ ਉਸ ਵਿੱਚੋਂ ਲੋੜਵੰਦਾਂ ਨੂੰ ਵੀ ਦਿੰਦਾ ਹੈ।

ਬਿਨਾ ਸੰਤੋਖ ਨਹੀਂ ਕੋਊ ਰਾਜੈ ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥

ਸੁਖਮਨੀ ਸਾਹਿਬ ਵਿੱਚ ਸਿਖਿਆ ਦਿੱਤੀ ਹੈ ਕਿ ਜਿਥੇ ਮਾਤਾ, ਪਿਤਾ, ਪੁੱਤਰ, ਭਾਈ ਆਦਿ ਸਹਾਇਤਾ ਨਹੀਂ ਕਰ ਸਕਦੇ। ਉਥੇ ਇਕੋ ਪ੍ਰਭੂ ਦਾ ਨਾਮ ਹੀ ਸਹਾਇਤਾ ਕਰਦਾ ਹੈ।

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥

ਸੁਖਮਨੀ ਸਾਹਿਬ ਦਾ ਪਾਠ ਲੋਕ ਪਰਲੋਕ ਵਿੱਚ ਸਹਾਇਤਾ ਕਰਦਾ ਹੈ।

ਇੱਕ ਮੁਨਸ਼ੀ ਬਿੰਦਰਾ ਬਨ ਵਲ ਰਹਿੰਦਾ ਸੀ।

Sri Satguru Jagjit Singh Ji Elibrary NamdhariElibrary@gmail.com

ਉਹ ਨਿਤਾਪ੍ਰਤੀ ਇਸ਼ਨਾਨ ਕਰਕੇ ਆਸਨ ਤੇ ਬੈਠ ਕੇ ਇਕਾਗਰ ਮਨ ਹੋ ਕੇ ਸੁਖਮਨੀ ਸਾਹਿਬ ਦਾ ਪਾਠ ਕਰਦਾ ਹੁੰਦਾ ਸੀ। ਫੇਰ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਸੀ।

ਉਸ ਦਾ ਬਰਾਹਮਣ ਰਸੋਈਆ ਸੀ। ਉਹ ਬੀਮਾਰ ਹੋ ਗਿਆ। ਉਹ ਵੀ ਕੋਲ ਹਰ ਰੋਜ ਪਾਠ ਸੁਣਦਾ ਸੀ। ਬੀਮਾਰ ਹੋਣ ਕਰਕੇ ਲੰਮਾ ਪੈ ਕੇ ਪਾਠ ਸੁਣਦਾ ਰਿਹਾ। ਜਦੋਂ 15 ਅਸ਼ਟਪਦੀਆਂ ਦਾ ਭੋਗ ਪੈ ਗਿਆ ਤਾਂ ਮੁਨਸ਼ੀ ਨੇ ਸੋਚਿਆ ਕਿ ਬਰਾਹਮਣ ਹਿਲਦਾ ਜੁਲਦਾ ਹੀ ਨਹੀਂ, ਵੇਖੀਏ ਤਾਂ ਸਹੀ ਕੀ ਗੱਲ ਹੈ ? ਜਦੋਂ ਵੇਖਿਆ ਤਾਂ ਉਹ ਮਿਰਤਕ ਸੀ, ਬੜਾ ਹੈਰਾਨ ਹੋਇਆ ਕਿ ਮੰਜੇ ਪਰ ਹੀ ਮਰ ਗਿਆ ਹੈ। ਸ਼ਾਸਤਰ ਅਨੁਸਾਰ ਇਹ ਪਰੇਤ ਬਣ ਗਿਆ ਹੋਵੇਗਾ। ਉਸ ਦੀ ਮੁਕਤੀ ਨਹੀਂ ਹੋਈ ਹੋਵੇਗੀ।

ਪਰੰਤੂ ਬਰਾਹਮਣ ਸੁਖਮਨੀ ਸਾਹਿਬ ਦੇ ਪਰਤਾਪ ਨਾਲ ਵਿਸ਼ਨੂੰ ਪੁਰੀ ਵਿੱਚ ਪਹੁੰਚ ਗਿਆ। ਵਿਸ਼ਨੂੰ ਭਗਵਾਨ

Sri Satguru Jagjit Singh Ji Elibrary NamdhariElibrary@gmail.com

ਜੀ ਨੇ ਕਿਹਾ ਕਿ ਭਾਈ ਤੇਰੀ ਮੁਕਤੀ ਤਾਂ ਹੋ ਗਈ ਹੈ, ਪਰ ਤੇਰਾ ਮਾਲਕ ਦੁਬਿਧਾ ਵਿੱਚ ਹੈ ਤੂੰ ਉਸ ਨੂੰ ਆਪਣੀ ਹਾਲਤ ਦਸਕੇ, ਉਸ ਦਾ ਸੰਸਾ ਨਵਿਰਤ ਕਰਕੇ ਆ। ਉਸੇ ਵਕਤ ਬਰਾਹਮਣ ਬਿਬਾਣ ਤੇ ਚੜ੍ਹਕੇ ਆਪਣੇ ਮਾਲਕ ਪਾਸ ਆਇਆ।

ਮੁਨਸ਼ੀ ਨੇ ਬਿਬਾਣ ਵਿਚੋਂ ਇੱਕ ਮੂਰਤੀ ਨਿਕਲਦੀ ਵੇਖੀ। ਮੂਰਤੀ ਅੱਗੇ ਆ ਕੇ ਬੋਲੀ, "ਮੈਂ ਸੁਆਮੀ ਜੀ ਉਹੀ ਰਸੋਈਆ ਬਰਾਹਮਣ ਹਾਂ ਜੋ ਕਿ ਸੁਖਮਨੀ ਸਾਹਿਬ ਦਾ ਪਾਠ ਸੁਣਨ ਕਰਕੇ ਮੁਕਤ ਹੋ ਗਿਆ ਹਾਂ ਆਪਨੇ ਕੋਈ ਫਿਕਰ ਨਾ ਕਰਨਾ। ਮੈਨੂੰ ਵਿਸ਼ਨੂੰ ਮਹਾਰਾਜ ਜੀ ਨੇ ਭੇਜਿਆ ਹੈ ਕਿ ਮੈਂ ਤੁਹਾਡਾ ਸੰਸਾ ਨਵਿਰਤ ਕਰਕੇ ਆਵਾਂ।" ਸੋ ਮੁਨਸ਼ੀ ਦੀ ਸੁਖਮਨੀ ਸਾਹਿਬ ਵਿੱਚ ਹੋਰ ਸ਼ਰਧਾ ਭਾਵਨਾ ਵਧ ਗਈ। ਐਸੀ ਹੈ ਸੁਖਮਨੀ ਸਾਹਿਬ ਦੀ ਮਹਿਮਾ।

ਦੁਆਪਰ ਤੋਂ ਪ੍ਰਸਿਧ ਹੈ ਕਿ ਜੋ ਕੋਈ ਇਨਸਾਨ ਬਹੁਤ ਹੀ ਦੁਖੀ ਜਾਂ ਬੀਮਾਰ ਹੋਵੇ ਤਾਂ ਉਸ ਦੀ ਤੰਦਰੁਸਤੀ

Sri Satguru Jagjit Singh Ji Elibrary NamdhariElibrary@gmail.com

ਲਈ ਜਾਂ ਉਸ ਦੇ ਪਰਲੋਕ ਸਿਧਾਰ ਲਈ ਗੀਤਾ ਦਾ ਪਾਠ ਕੀਤਾ ਜਾਂਦਾ ਸੀ। ਪਰ ਹੁਣ ਕਲਜੁਗ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਹਿਰਾ ਹੋਣ ਕਰਕੇ ਸੁਖਮਨੀ ਸਾਹਿਬ ਦੀ ਇਹ ਮਹੱਤਤਾ ਹੈ ਕਿ ਉਪਰੋਕਤ ਹਾਲਤ ਵਾਲੇ ਇਨਸਾਨ ਨੂੰ ਪਰੇਮ ਸਹਿਤ ਪਾਠ ਸੁਣਾਇਆ ਜਾਵੇ ਤੇ ਅਰਦਾਸ ਕੀਤੀ ਜਾਵੇ ਕਿ ਸੱਚੇ ਪਾਤਸ਼ਾਹ : ਇਸ ਨੂੰ ਤੰਦਰੁਸਤੀ ਬਖਸ਼ੋ ਜਾਂ ਫਿਰ ਆਪਜੀ ਦੇ ਚਰਨਾਂ ਵਿੱਚ ਬੁਲਾ ਲਵੋ। ਅਰਦਾਸ ਜਰੂਰ ਮਨਜੂਰ ਹੋਏਗੀ। ਜੇ ਪਾਪ ਭਿਆਨਕ ਹੋਣ ਤਾਂ ਇਸੇ ਤਰਾਂ ਲਗਾਤਾਰ ਪਾਠ ਕਰੀ ਜਾਵੋ, ਵਾਹਿਗੁਰੂ ਅੰਗ ਸੰਗ ਹੋ ਕੇ ਮਦਦ ਕਰੇਗਾ।

ਸਿਮਰਨ ਸਿਰਫ ਮਨੁਖਾ ਜਨਮ ਵਿੱਚ ਹੀ ਹੋ ਸਕਦਾ ਹੈ। ਸਿਮਰਨ ਸੰਗਤ ਜਾਂ ਮਹਾਂ ਪੁਰਖਾਂ ਦੇ ਚਰਨਾ ਵਿੱਚ ਰਹਿ ਕੇ ਕਰਨ ਨਾਲ ਆਤਮਾ ਨਿਸਚੇ ਹੀ ਸੱਚ ਵਿੱਚ ਲੀਨ ਹੋ ਜਾਂਦੀ ਹੈ। ਕਲਜੁਗ ਵਿੱਚ ਹੋਰ ਕਰਮ, ਧਰਮ ਨਾਮ ਸਿਮਰਨ ਤੋਂ ਬਿਨਾਂ ਸਿਫਰਾਂ ਦੀ ਤਰਾਂ ਹਨ। ਪਰ

Sri Satguru Jagjit Singh Ji Elibrary NamdhariElibrary@gmail.com

ਜਦੋਂ ਨਾਮ ਸਿਮਰਨ ਦੀ ਲਗਨ ਦਾ ਏਕਾ ਲਗ ਜਾਏ ਤਾਂ ਸਿਫਰਾਂ ਦਾ ਵੀ ਮੁੱਲ ਪੈ ਜਾਂਦਾ ਹੈ । ਕਲਜੁਗ ਦਾ ਕਨੂੰਨ ਹੈ ਕਿ ਜਿਨਾਂ ਚਿਰ ਨਾਮ ਨਹੀਂ ਜਪਦਾ, ਉਧਾਰ ਨਹੀਂ ਹੁੰਦਾ ।

ਕਲਿ ਕੇਵਲ ਨਾਮ ਉਧਾਰ ।

ਇਸ ਲਈ ਸਮੇਂ ਦਾ ਦਸਵੰਧ ਜੋ 2.30 ਘੰਟੇ ਬਣਦਾ ਹੈ । ਹਰ ਇੱਕ ਪਰਾਣੀ ਲਈ ਜਰੂਰੀ ਹੈ । ਸੋ ਸਾਧ ਸੰਗਤ ਜੀ ਨਾਮ ਜਪਨ ਦੀ ਕੁੰਜੀ ਅਰਪਨ ਕਰਦੇ ਹਾਂ, ਜੋ ਕਲਜੁਗੀ ਬੇੜੇ ਨੂੰ ਪਾਰ ਲਾਉਣ ਵਿੱਚ ਸਹਾਈ ਹੋਵੇਗੀ । ਸਾਧ ਸੰਗਤ ਜੀ ਭੁੱਲਾਂ ਚੁੱਕਾਂ ਮੁਆਫ ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

Sri Satguru Jagjit Singh Ji Elibrary NamdhariElibrary@gmail.com

# ਸੰਗਤ ਦੀ ਸੇਵਾ ਵਿੱਚ
# ਮੁਫ਼ਤ ਭੇਟਾ

Sri Satguru Jagjit Singh Ji Elibrary NamdhariElibrary@gmail.com

ਵੱਲੋਂ :

# ਬਾਬਾ ਖੇਮ ਸਿੰਘ ਜੀ

ਤੇਰਾ ਬਾਬਾ ਰੁਮੀ ਵਾਲਾ,
ਭੁੱਚੋ ਕਲਾਂ,
ਬਠਿੰਡਾ ।

Sri Satguru Jagjit Singh Ji Elibrary NamdhariElibrary@gmail.com